## ਪੰਜਾਬ ਸਕੂਲ ਸਿੱਖਿਆ ਬੋਰਡ

ਦੱਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ (ਸਮੇਤ ਓਪਨ ਸਕੂਲ) ਮਾਰਚ 2013 ਦੇ ਸਕੂਲਾਂ ਦੇ ਪ੍ਰੀਖਿਆ ਫਾਰਮ ਅਤੇ ਫੀਸਾਂ ਪ੍ਰਾਪਤ ਕਰਨ ਲਈ ਦਫ਼ਤਰ ਵੱਲੋਂ ਤਿਆਰ ਕੀਤੇ ਸ਼ਡਿਊਲ ਅਨੁਸਾਰ ਬਿਨਾਂ ਲੇਟ ਫੀਸ 09-11-2012 ਅਤੇ ਅੰਤਿਮ ਤੌਰ ਤੇ 2000/-ਰੁਪਏ ਲੇਟ ਫੀਸ ਨਾਲ 05-12-2012 ਨਿਰਧਾਰਤ ਕੀਤੀ ਗਈ ਸੀ। ਇਸ ਸ਼ਡਿਊਲ ਅਨੁਸਾਰ ਪ੍ਰੀਖਿਆ ਫਾਰਮ ਖੇਤਰੀ ਦਫ਼ਤਰਾਂ ਵਿਖੇ ਮਿਤੀ 25-10-2012 ਤੱਕ ਪਹੁੰਚਾਏ ਜਾਣੇ ਸਨ ਪਰ ਪ੍ਰਬੰਧਕੀ ਕਾਰਨਾਂ ਕਰਕੇ ਅਜਿਹਾ ਨਹੀਂ ਹੋ ਸਕਿਆ। ਇਸ ਸਬੰਧ ਵਿਚ ਮਿਤੀ 02-11-2012 ਨੂੰ ਨਿਮਨਹਸਤਾਖਰਤ ਦੀ ਚੇਅਰਮੈਨ ਸਾਹਿਬ ਨਾਲ ਹੋਈ ਵਿਚਾਰ ਅਨੁਸਾਰ ਫਾਰਮ ਅਤੇ ਫੀਸਾਂ ਪ੍ਰਾਪਤ ਕਰਨ ਦੇ ਸ਼ਡਿਊਲ ਵਿਚ ਤਬਦੀਲੀ ਕਰਨ ਲਈ ਜ਼ੁਬਾਨੀ ਸਹਿਮਤੀ ਹੋਈ ਸੀ। ਇਸ ਦੀ ਲੋਅ ਵਿਚ ਸ਼ਡਿਊਲ ਹੇਠ ਲਿਖੇ ਅਨੁਸਾਰ ਮੁੜ ਨਿਰਧਾਰਤ ਕਰਨ ਦੀ ਤਜਵੀਜ਼ ਹੈ:-

| ਸ਼੍ਰੇਣੀ | ਸ਼ਡਿਊਲ | ਬਿਨਾਂ ਲੇਟ ਫੀਸ | 500/-ਰ: ਲੇਟ ਫੀਸ ਨਾਲ | 1000/-ਰ: ਲੇਟ ਫੀਸ ਨਾਲ | 2000/-ਰ: ਲੇਟ ਫੀਸ ਨਾਲ |
|---|---|---|---|---|---|
| ਦੱਸਵੀਂ ਅਤੇ ਬਾਰ੍ਹਵੀਂ | ਪਹਿਲਾ ਨਿਰਧਾਰਤ ਮਿਤੀ | 09.11.2012 | 20.11.2012 | 27.11.2012 | 05.12.2012 |
| | ਮੁੜ ਤਜਵੀਜ਼ ਕੀਤੀ ਮਿਤੀ | 20.11.2012 | 26.11.2012 | 30.11.2012 | 05.12.2012 |

ਪ੍ਰੀਖਿਆ ਫੀਸ ਅਤੇ ਹੋਰ ਹਦਾਇਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ। ਇਸ ਸਬੰਧੀ ਵੱਖ ਵੱਖ ਅਖਬਾਰਾਂ ਵਿਚ ਪਬਲਿਕ ਨੋਟਿਸ ਦਿੱਤਾ ਜਾਵੇਗਾ।

ਉਪਰੋਕਤ ਤਜਵੀਜ਼ ਚੇਅਰਮੈਨ ਸਾਹਿਬ ਦੀ ਪੁਸ਼ਟੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

5/11/12
ਵਾਈਸ ਚੇਅਰਮੈਨ

ਸਕੱਤਰ

ਚਅਰਮੈਨ ਸਾਹਿਬ

06/11/12